# ਪੰਜਾਬੀ ਆਲੋਚਨਾ ਦੇ ਵਰਤਮਾਨ ਰੁਝਾਨ

**Introduction =>** ਪੰਜਾਬੀ ਆਲੋਚਨਾ ਦੀ ਉਮਰ ਲਗਭਗ 100 ਸਾਲ ਤੋਂ ਵੱਧ ਹੈ। ਇਥੇ ਸਾਡੇ ਪੁਰਾਤਨ ਕਾਲ ਦੇ ਵਿਦਵਾਨਾਂ ਨੇ ਵੀ ਆਪਣੇ ਪੂਰਵਜਾਂ ਅਤੇ ਸਮਕਾਲੀ ਵਿਦਵਾਨਾਂ ਉੱਪਰ ਟਿੱਪਣੀਆਂ ਕੀਤੀਆਂ ਹਨ। ਉਹ ਟਿੱਪਣੀਆਂ ਜ਼ਰੂਰ ਹਨ, ਪਰੰਤੂ ਉਸਨੂੰ ਯੋਜਨਾਬੱਧ ਢੰਗ ਨਾਲ ਲਿਖੀ ਗਈ ਆਲੋਚਨਾ ਨਹੀਂ ਆਖਿਆ ਜਾ ਸਕਦਾ। ਪੰਜਾਬੀ ਆਲੋਚਨਾ ਦੇ ਸਫ਼ਰ ਦੌਰਾਨ 1980 ਤੱਕ ਉਸ ਵਿੱਚ ਕਈ ਪ੍ਰਵਿਰਤੀਆਂ ਆਈਆਂ ਵੇਖੀਆਂ ਜਾ ਸਕਦੀਆਂ ਹਨ ਜਿਵੇਂ 'ਪ੍ਰਭਾਵਵਾਦੀ ਆਲੋਚਨਾ', 'ਪ੍ਰਯੋਗਵਾਦੀ ਆਲੋਚਨਾ' ਆਦਿ। 1980 ਤੋਂ ਪਿੱਛੋਂ ਪੰਜਾਬੀ ਆਲੋਚਨਾ 'ਪ੍ਰਗਤੀਵਾਦੀ' ਅਤੇ 'ਪ੍ਰਯੋਗਵਾਦੀ' ਦੀ ਰੁਚੀ ਨੂੰ ਤਿਆਗਦੀ ਹੈ ਅਤੇ ਨਵੇਂ ਇਲਾਕੇ ਵਿੱਚ ਪ੍ਰਵੇਸ਼ ਕਰਦੀ ਹੈ। ਸਾਡੇ ਅਧਿਐਨ ਦਾ ਵਿਸ਼ਾ 20 ਵੀਂ ਸਦੀ ਦੇ ਅੱਠਵੇਂ ਦਹਾਕੇ ਤੋਂ ਲੈ ਕੇ, 21 ਵੀਂ ਸਦੀ ਦੇ ਦੂਜੇ ਦਹਾਕੇ ਦੀ ਆਲੋਚਨਾ ਦਾ ਸਰਵੇਖਣ ਅਤੇ ਮੁਲਾਂਕਣ ਕਰਨਾ ਹੈ। ਇਹ ਸਰਵੇਖਣ ਅਸੀਂ 1980 ਤੋਂ ਪਿੱਛੋਂ ਦੀ ਆਲੋਚਨਾ ਵਿੱਚ ਮਿਲਦੀਆਂ ਪ੍ਰਵਿਰਤੀਆਂ ਦੇ ਆਧਾਰ ਤੇ ਹੀ ਕਰਾਂਗੇ।

(1) **ਮਨੋਵਿਗਿਆਨਿਕ ਆਲੋਚਨਾ =>** 'ਮਨੋਵਿਗਿਆਨਿਕ' ਸਾਹਿਤ ਵਾਂਗ 'ਮਨੋਵਿਗਿਆਨਿਕ' ਆਲੋਚਨਾ ਉੱਤੇ ਵੀ ਪ੍ਰਸਿੱਧ ਮਨੋਵਿਗਿਆਨੀ 'ਫਰਾਇਡ' ਆਦਿ ਦਾ ਅਸਰ ਪਿਆ ਹੈ। 'ਜੈਕਲਾਕਾਂ' ਇੱਕ ਅਜਿਹਾ ਮਨੋਵਿਗਿਆਨੀ ਹੈ ਜਿਸਨੇ 'ਫਰਾਇਡ' ਦੇ ਵਿਚਾਰਾਂ ਨਾਲ ਸੰਵਾਦ ਹੀ ਨਹੀਂ ਰਚਾਇਆ ਸਗੋਂ ਕਈ ਨਵੀਆਂ ਸਥਾਪਨਾਵਾਂ ਵੀ ਪੇਸ਼ ਕੀਤੀਆਂ। ਉਸ ਤੋਂ ਪਹਿਲਾਂ 'ਫਰਾਇਡ' ਤੋਂ ਇਲਾਵਾ ਕੁਝ ਦੂਜੇ ਮਨੋਵਿਗਿਆਨੀ ਪੰਜਾਬੀ ਆਲੋਚਨਾ ਨੂੰ ਪ੍ਰਭਾਵਿਤ ਕਰ ਚੁੱਕੇ ਹਨ।

'ਫਰਾਇਡ' ਨੇ 'ਈਗੋ' ਨੂੰ ਵਿਅਕਤੀਆਂ ਦੀਆਂ ਮਾਨਸਿਕ ਪ੍ਰਕਿਰਿਆਵਾਂ ਨੂੰ ਨਿਰਧਾਰਣ ਕਰਨ ਵਜੋਂ ਪਰਿਭਾਸ਼ਿਤ ਕੀਤਾ। ਲੇਖਕ ਬਾਰੇ ਉਸਦੀ ਧਾਰਨਾ ਹੈ ਕਿ ਲੇਖਕ ਆਪਣੇ ਜੀਵਨ ਦੀ 'ਅਸੰਤੁਸ਼ਟਤਾ' ਆਪਣੇ ਸਾਹਿਤ ਵਿੱਚ ਪ੍ਰਗਟਾਉਂਦਾ ਹੈ। ਆਧੁਨਿਕ ਪ੍ਰਸੰਗ ਵਿੱਚ ਜਿਹੜੇ ਅਧਿਐਨ ਦਿੱਤੇ ਗਏ ਹਨ, ਉਹ ਇਸ ਪ੍ਰਕਾਰ ਹਨ <u>ਮਨੋਵਿਗਿਆਨ</u> ਅਤੇ <u>ਮਨੋਵਿਸ਼ਲੇਸ਼ਣ</u>, <u>ਸਿਧਾਂਤ</u> ਅਤੇ <u>ਇਤਿਹਾਸਿਕ ਪਰਿਪੇਖ</u>, <u>ਸਾਹਿਤ</u>

ਅਤੇ ਨਾਵਲ, ਗਲਪ, ਨਾਵਲ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ।

2. ਦੂਜੇ ਦੌਰ ਦੀ ਪ੍ਰਗਤੀਵਾਦੀ ਆਲੋਚਨਾ => ਸਾਹਿਤ ਅਤੇ ਚਿੰਤਨ ਦੀ ਦੋਵੇਂ ਖੇਤਰ ਸੁਤੰਤਰ ਤੌਰ ਤੇ ਸਥਾਪਿਤ ਹੋ ਚੁੱਕੇ, ਤਾਂ ਉਸਦੇ ਰੂਪ ਬਦਲੇ ਗਏ ਹਨ। ਇਸ ਕਾਲ ਵਿੱਚ ਕੁੱਝ ਅਜਿਹੇ ਆਲੋਚਕ ਆਲੋਚਨਾ ਕਰਦੇ ਰਹੇ ਹਨ, ਜਿਨ੍ਹਾਂ ਦੀ ਆਲੋਚਨਾ ਨੂੰ ਅਸੀਂ ਦੂਜੇ ਦੌਰ / ਪੜਾਅ ਦੀ ਪ੍ਰਗਤੀਵਾਦੀ ਆਲੋਚਨਾ ਆਖ ਸਕਦੇ ਹਾਂ। ਇਨ੍ਹਾਂ ਵਿੱਚ ਅਸੀਂ "ਤੇਜਵੰਤ ਸਿੰਘ ਗਿੱਲ," ਪ੍ਰੋ. ਟੀ. ਆਰ. ਵਿਨੋਦ, 'ਡਾ. ਰਘਬੀਰ ਸਿੰਘ ਸਿਰਜਣਾ', ਡਾ. ਬਲਦੇਵ ਸਿੰਘ ਧਾਲੀਵਾਲ ਆਦਿ ਨੂੰ ਸ਼ਾਮਿਲ ਕਰ ਸਕਦੇ ਹਾਂ। ਇਥੇ ਅਸੀਂ ਕੇਵਲ ਡਾ. ਗਿੱਲ ਦੀ ਆਲੋਚਨਾ ਬਾਰੇ ਸੰਖੇਪ ਰੂਪ ਵਿੱਚ ਲਿਖਾਂਗੇ। ਉਸਨੇ ਪੰਜਾਬੀ ਨਾਵਲ ਸਮੇਤ ਗਲਪ ਦੇ ਸਮਾਂ ਤੇ ਸੰਦਰਭ ਇਕ ਆਲੋਚਕ ਆਲੋਚਨਾ ਕਰਦੇ ਸਮੇਂ 'ਮਾਰਕਸਵਾਦੀ' ਵਿਧੀ ਨੂੰ ਅਪਣਾਉਂਦੇ ਹਨ।

3. ਸੁਹਜ-ਸ਼ਾਸਤਰੀ ਆਲੋਚਨਾ => ਪੰਜਾਬੀ ਵਿੱਚ ਸੁਹਜ ਸ਼ਾਸਤਰ ਆਧਾਰ ਤੇ ਘੱਟ ਆਲੋਚਨਾ ਹੋਈ ਹੈ। ਇਸ ਖੇਤਰ ਵਿੱਚ ਸਭ ਤੋਂ ਪਹਿਲੀ ਪੁਸਤਕ ਆਧੁਨਿਕ ਪੰਜਾਬੀ ਕਾਵਿ ਸੁਹਜ ਦ੍ਰਿਸ਼ਟੀ 'ਡਾ. ਬਲਜੀਤ ਕੌਰ' ਆਈ। ਇਸ ਪੁਸਤਕ ਵਿੱਚ ਆਲੋਚਨਾ ਨੇ ਸੁਹਜ ਦ੍ਰਿਸ਼ਟੀ ਤੋਂ ਵਿਚਾਰਦਾ ਪੰਜ ਆਧੁਨਿਕ ਕਵੀਆਂ ਦੀ ਕਵਿਤਾ ਦਾ ਇਸ ਦ੍ਰਿਸ਼ਟੀ ਨੂੰ ਆਧਾਰ ਬਣਾ ਕੇ ਅਧਿਐਨ ਪ੍ਰਸਤੁਤ ਕੀਤਾ ਹੈ। ਇਹ ਕਵੀ ਹਨ - ਭਾਈ ਵੀਰ ਸਿੰਘ, ਪੂਰਨ ਸਿੰਘ, ਡਾ. ਹਰਿਭਜਨ ਸਿੰਘ ਦੀ 'ਕਵਿਤਾ' ਵਿਚਲੀ ਸੁਹਜ ਦ੍ਰਿਸ਼ਟੀ ਦੀ ਪੁਣ-ਛਾਣ ਕਰਨ ਲਈ 'ਡਾ. ਬਲਜੀਤ ਕੌਰ' ਨੇ ਉਸ ਦੀਆਂ ਕੁੱਝ 'ਕਵਿਤਾਵਾਂ' ਹੀ ਲਈਆਂ ਹਨ। ਇਸ ਆਲੋਚਨਾ ਪ੍ਰਣਾਲੀ ਨੂੰ ਲੈ ਕੇ ਕੁੱਝ 'ਖੋਜ ਪ੍ਰਬੰਧ' ਵੀ ਲਿਖੇ ਗਏ ਹਨ ਜਿਨ੍ਹਾਂ ਵਿੱਚੋਂ ਕੁੱਝ ਦੇ ਨਾਮ ਅਸੀਂ ਲਿਖਦੇ ਹਾਂ - ਪੰਜਾਬੀ ਲੋਕ ਗੀਤ ਦਾ 'ਸੁਹਜ ਸ਼ਾਸਤਰ' 'ਪੰਜਾਬੀ ਸੁਹਜਵਾਦੀ' ਕਾਵਿਧਾਰਾ ਦਾ ਅਧਿਐਨ, ਇਸ ਖੋਜ ਪ੍ਰਬੰਧ ਅਧੀਨ ਉਸਨੇ ਡਾ. ਹਰਿਭਜਨ ਸਿੰਘ ਅਤੇ ਸੁਰਜੀਤ ਪਾਤਰ ਦੀ ਕਵਿਤਾ ਦਾ ਵਿਸ਼ਲੇਸ਼ਣ ਕੀਤਾ ਹੈ।

(4) ਚਿੰਨ੍ਹ ਵਿਗਿਆਨਕ ਆਲੋਚਨਾ => ਚਿੰਨ੍ਹ ਵਿਗਿਆਨਕ ਆਲੋਚਨਾ, ਉਹ ਆਲੋਚਨਾ ਪ੍ਰਣਾਲੀ ਹੈ, ਜਿਹੜੀ ਮਾਰਕਸਵਾਦੀ ਅਤੇ ਰੂਪਵਾਦੀ ਆਲੋਚਨਾ ਵਾਂਗ 20 ਵੀਂ ਸਦੀ ਦੇ ਅੰਤਲੇ ਦਹਾਕਿਆਂ ਅੰਦਰ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਆਈ ਹੈ। ਇਸ ਆਲੋਚਨਾ ਪ੍ਰਣਾਲੀ ਦੇ ਸਾਹਮਣੇ ਆਉਣ ਦਾ ਕਾਰਨ ਪੰਜਾਬੀ ਐਮ. ਫਿਲ. ਅਤੇ ਪੀ. ਐਚ. ਡੀ. ਦੇ ਖੋਜ ਪ੍ਰਬੰਧ ਹਨ।

ਪੰਜਾਬੀ ਵਿੱਚ ਚਿੰਨ੍ਹ ਵਿਗਿਆਨ ਆਲੋਚਨਾਂ ਪੱਧਤੀ ਨੂੰ ਲੈ ਕੇ ਬਹੁਤ ਘੱਟ ਆਲੋਚਨਾਂ ਹੋਈ ਹੈ। ਇਸ ਦਾ ਵੱਡਾ ਕਾਰਣ ਇਸ ਆਲੋਚਨਾ ਪ੍ਰਣਾਲੀ ਦੇ ਪ੍ਰਬੰਧ ਆਲੋਚਕਾਂ ਦੀ ਘਾਟ ਹੀ ਆਖਿਆ ਜਾ ਸਕਦਾ ਹੈ। ਫੇਰ ਵੀ ਕੁੱਝ ਖੋਜ ਪ੍ਰਬੰਧ ਪ੍ਰਕਾਸ਼ਿਤ ਰੂਪ ਵਿੱਚ ਸਾਹਮਣੇ ਆਏ ਹਨ। ਪ੍ਰਕਾਸ਼ਿਤ ਖੋਜ ਪ੍ਰਬੰਧਾਂ ਵਿੱਚ ਸ਼ਾਮਿਲ ਹਨ-

(1) ਡਾ. ਹਰਿ ਪ੍ਰਕਾਸ਼ ਵਸ਼ਿਸ਼ਟ, ਚਿੰਨ੍ਹ ਵਿਗਿਆਨ ਅਤੇ ਗੁਰੂ ਨਾਨਕ ਬਾਣੀ।

(2) ਡਾ. ਸੁਰਿੰਦਰ ਕੌਰ, ਆਧੁਨਿਕ ਪੰਜਾਬੀ ਕਵਿਤਾ ਦੀਆਂ ਸੰਚਾਰ ਵਿਧੀਆਂ।

(5) ਸੰਰਚਨਾਵਾਦੀ ਪੰਜਾਬੀ ਆਲੋਚਨਾ => ਇਹ ਆਲੋਚਨਾ ਪ੍ਰਣਾਲੀ ਪੱਛਮ ਦੀ ਦੇਣ ਹੈ।

'ਸੰਰਚਨਾਵਾਦੀ' ਪੰਜਾਬੀ ਆਲੋਚਨਾ ਦਾ ਆਧਾਰ ਸੰਰਚਨਾਵਾਦ ਹੈ। ਕਿਸੇ ਵੀ ਸਾਹਿਤਿਕ ਰਚਨਾ ਵਿੱਚ ਉਸਦੀ ਉਸਾਰੀ ਵਿੱਚ ਪਏ ਸਾਰੇ ਤੱਤਾਂ ਦਾ ਅੰਤਰ ਸੰਬੰਧ ਦਾ ਅਧਿਐਨ ਸੰਰਚਨਾਵਾਦ ਹੈ। 'ਸੰਰਚਨਾਵਾਦ' ਕੋਈ ਸਿਧਾਂਤ ਜਾਂ ਵਿਚਾਰਧਾਰਾ ਨਹੀ ਹੈ। ਡਾ. ਹਰਿਭਜਨ ਸਿੰਘ ਸੰਰਚਨਾਵਾਦ ਬਾਰੇ ਨਿਮਨ ਲਿਖੇ ਪੱਖ ਰਖਦੇ ਹਨ —

(1) ਸੰਰਚਨਾਵਾਦ ਵਿੱਚ ਤਰ੍ਹਾਂ ਦਾ ਮੂਲ੍ਹ ਮਾਡਲ ਹੈ, ਉਹ ਵਸਤਾਂ ਨੂੰ ਸੰਰਚਨਾਵਾਂ ਵਿੱਚ ਬਦਲ ਕੇ ਦੇਖਦਾ ਹੈ।

P.T.O

2. ਮਾਰਕਸਵਾਦ ਵਰਗੇ ਸਿਧਾਂਤ ਨਾਲ, ਇਹ ਰਚਨਾ ਵਿੱਚ ਦ੍ਰਿਸ਼ਟੀ ਬਿੰਦੂ ਤੋਂ ਗਿਆਨ ਪ੍ਰਾਪਤੀ ਦਾ।

3. ਸਾਹਿਤ ਪਾਠਾਂ ਦਾ ਬਹਿਲਾ ਕਰਦਾ ਹੈ।

ਪੰਜਾਬੀ ਵਿੱਚ ਮਾਰਕਸਵਾਦੀ ਆਲੋਚਨਾ ਦਾ ਪ੍ਰਵੇਸ਼ ਵਿਸ਼ਵ ਯੁੱਧ ਦੀ ਦੇਣ ਹੈ। ਮਾਰਕਸਵਾਦੀ ਆਲੋਚਨਾ ਪੰਜਾਬੀ ਸਾਹਿਤ ਦੇ ਪਿੜ ਵਿੱਚ ਬੁਨਿਆਦੀ ਜਾਂ ਮੌਲਿਕ ਸੰਕਲਪਾਂ ਨੂੰ ਲੈ ਕੇ ਸਿਧਾਂਤਕ ਅਤੇ ਵਿਹਾਰਕ ਖੇਤਰ ਵਿੱਚ ਆਪਣੀਆਂ ਸਥਾਪਨਾਵਾਂ ਕਰਦੀ ਹੈ।

(ੳ) ਸਾਹਿਤ ਅਧਿਐਨ => ਕਲਾਮ ਫ਼ਕੀਰ ਦੀ ਜਟਿਲਤਾ ਜਾਂ ਗੀਤ, ਖਸਮ ਦੀ ਬਾਣੀ।

(ਅ) ਬਾਸੰਤੀ ਦਾ ਸਸੀਗ => ਪ੍ਰੇਮ ਪ੍ਰਕਾਸ਼ ਦੀ ਇਕ ਕਹਾਣੀ ਦੀ, ਮਾਰਕਸਵਾਦੀ ਦ੍ਰਿਸ਼ਟੀ ਤੋਂ ਸਮੀਖਿਆ।

(ੲ) ਪੂਰਨ ਸਿੰਘ ਰਚਨਾ ਵਿਵਰਨਾ => ਪੂਰਨ ਸਿੰਘ ਦੀਆਂ ਕੁਝ ਰਚਨਾਵਾਂ ਦੀ ਵਿਹਾਰਕ ਸਮੀਖਿਆ (ਆਲੋਚਨਾ)

(6) ਰੂਪਵਾਦੀ ਪੰਜਾਬੀ ਆਲੋਚਨਾ => ਰੂਪਵਾਦੀ ਪੰਜਾਬੀ ਆਲੋਚਨਾ ਦਾ ਆਧਾਰ ਅਮਰੀਕੀ ਨਵ-ਆਲੋਚਨਾ ਅਤੇ ਰੂਸੀ ਰੂਪਵਾਦ ਹੈ। ਅਜਿਹੀ ਆਲੋਚਨਾ ਵਿੱਚ 'ਰੂਪ' ਨੂੰ ਕੇਂਦਰ ਬਿੰਦੂ ਬਣਾਇਆ ਜਾਂਦਾ ਹੈ। ਪੰਜਾਬੀ ਰੂਪਵਾਦੀ ਆਲੋਚਨਾ ਦਾ ਮੁੱਢ ਡਾ. ਹਰਿਭਜਨ ਸਿੰਘ ਨਾਲ ਬੱਝਦਾ ਹੈ। ਇਸ ਦਾ ਖ਼ਾਸ ਰੂਪ ਉਸਦੀ 'ਸਿਸਥ (ਤਿੜੀ) ਤਿੜਕੇ ਸਿਸਥ ਸਮਾਗੀਏ' ਵਿਸ਼ੇਸ਼ ਤੌਰ 'ਤੇ ਇਸ ਆਲੋਚਨਾਤਮਕ ਲੇਖ ਵਿੱਚ ਮਿਲ ਜਾਂਦਾ ਹੈ। ਇਸ ਪ੍ਰਸੰਗ ਵਿੱਚ ਉਸਦੇ ਹੋਰ ਲੇਖਾਂ ਜਿਵੇਂ 'ਜਾਂਗਲੀ ਕੌਰ ਦੀ ਆਲੋਚਨਾ', ਸਰਸ ਪੰਥ ਦੀ ਬਾਣੀ ਰੂਪ ਵੀ ਵੇਖੀਆਂ ਜਾ ਸਕਦੀਆਂ ਹਨ। ਇਸ ਆਲੋਚਨਾ ਪ੍ਰਣਾਲੀ ਨੂੰ 'ਡਾ. ਤਪਸ ਸਿੰਘ ਸਾਗੀ' ਆਪਣੀ ਖੋਜ ਪ੍ਰਬੰਧ, ਪੰਜਾਬੀ ਸੂਫ਼ੀ ਕਾਵਿ ਰੂਪ

ਵਿਗਿਆਨਿਕ ਅਧਿਐਨ ਉਲੇਖਯੋਗ ਹੈ।

7. <u>ਥੀਮ ਵਿਗਿਆਨਿਕ ਅਧਿਐਨ</u> => ਜਿਵੇਂ ਕਿ ਨਾਂ ਤੋਂ ਹੀ ਜ਼ਾਹਿਰ ਹੁੰਦਾ ਹੈ। ਆਲੋਚਨਾ ਦੀ ਇਸ ਵਿਧੀ ਅਨੁਸਾਰ ਰਚਨਾਵਾਂ ਦਾ ਥੀਮਗਤ ਅਧਿਐਨ ਕੀਤਾ ਜਾਂਦਾ ਹੈ। ਇਸ ਆਲੋਚਨਾ ਪ੍ਰਣਾਲੀ ਨੂੰ ਸਮਕਾਲੀ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਬਹੁਤ ਘੱਟ ਅਪਣਾਇਆ ਗਿਆ ਹੈ। ਇਹ ਸਮੀਖਿਆ ਪ੍ਰਣਾਲੀ ਦੀ ਆਪ ਮੁਢਲਾ ਪੜਾਅ ਰਹੀ ਹੈ। ਕੁੱਝ ਕੁ ਕਾਰਜ ਇਸ ਖੇਤਰ ਵਿੱਚ ਹੋਏ ਜਾ ਸਕਦੇ ਹੈ। ਜਿਵੇਂ ਕਿੱਸਾ ਕਾਵਿ ਦਾ ਥੀਮ, ਥੀਮ ਵਿਗਿਆਨ ਤੇ ਨਾਨਕ ਸਿੰਘ, ਥੀਮ ਤੇ ਰੂਪਾਕਾਰ ਆਦਿ।

8. <u>ਨਾਰੀਵਾਦ ਆਲੋਚਨਾ</u> => ਨਾਰੀਵਾਦ ਸਿਧਾਂਤ ਨੂੰ ਆਧਾਰ ਬਣਾ ਕੇ ਪੰਜਾਬੀ ਵਿੱਚ ਕੁੱਝ ਆਲੋਚਨਾ ਹੋਈ ਹੈ। ਇਸ ਪ੍ਰਸੰਗ ਵਿੱਚ ਸਭ ਤੋਂ ਪਹਿਲਾਂ ਦੋ ਪੁਸਤਕਾਂ ਨਾਰੀਵਾਦ ਤੇ ਸਾਹਿਤ ਅਤੇ ਨਾਰੀ ਚੇਤਨਾ ਦੇ ਨਾਂ ਲਏ ਜਾ ਸਕਦੇ ਹਨ। ਡਾ. ਚਰਨਜੀਤ ਕੌਰ ਦੇ ਅਧਿਐਨ ਦਾ ਆਧਾਰ ਮਾਰਕਸਵਾਦ ਹੈ। ਇਹ ਵਿਚਾਰ ਅਨੁਸਾਰ ਇਹ ਵਿਚਾਰ ਆਲੋਚਕ ਇਸਤਰੀ ਨਾਇਕਾਵਾਂ ਦੇ ਰੂਪ ਪੇਸ਼ਕਾਰੀ ਨੂੰ ਸਮਝਦੀ ਹੋਈ ਉਨ੍ਹਾਂ ਦੀ ਮੁੱਖ ਖਾਮੀ ਸਵੈ- ਜੀਵਨੀ ਮੂਲਕ ਦੱਸਦੀ ਹੈ। ਇਨ੍ਹਾਂ ਸਾਰੇ ਪ੍ਰਯੋਗਸ਼ੀਲਾਂ ਅਤੇ (ਸੰਪਾਦਕ) ਆਲੋਚਕਾਂ ਨੇ ਪਹਿਲਾ ਨਾਰੀਵਾਦ ਦੇ ਸਿਧਾਂਤਾਂ ਨੂੰ ਸੰਪਾਦਿਤ ਕੀਤਾ ਹੈ, ਮਗਰੋਂ ਉਨ੍ਹਾਂ ਸਿਧਾਂਤ ਦੇ ਆਧਾਰ ਤੇ ਕਵਿੱਤਰੀਆਂ ਦੀਆਂ ਕਾਵਿ ਰਚਨਾਵਾਂ ਦਾ ਮੁਲਾਂਕਣ ਕੀਤਾ।

9. <u>ਦਲਿਤ ਸਰੋਕਾਰਾਂ ਨਾਲ ਜੁੜੀ ਪੰਜਾਬੀ ਆਲੋਚਨਾ</u> => ਦਲਿਤ ਸਰੋਕਾਰ ਅੱਜ ਦੇ ਯੁੱਗ ਦੇ ਉਭਰੇ ਮਸਲਿਆਂ ਵਿੱਚ ਇਕ ਹੈ। ਦਲਿਤ ਸਰੋਕਾਰ ਚੇਤਨਾ ਨੂੰ ਲੈ ਕੇ ਪੰਜਾਬੀ ਵਿੱਚ ਕੁੱਝ ਪ੍ਰਤਿਕ੍ਰਿਆਵਾਂ ਨੇ ਆਪਣੇ ਵਿਸ਼ੇਸ਼ ਅੰਕ ਕੱਢੇ ਜਿਵੇਂ ਚਿਰਾਗ, ਸਰੋਕਾਰ, ਸੰਵਾਦ ਆਦਿ। ਇਸ ਤੋਂ ਇਲਾਵਾ ਗੋਸ਼ਟੀਆਂ ਲੇਖ ਦਾ ਦਲਿਤ ਪੰਜਾਬੀ ਸਾਹਿਤ ਅੰਕ ਵਿੱਚ ਉਲੇਖਯੋਗ ਅੰਕ ਹੈ। ਦਲਿਤ ਸਰੋਕਾਰ

ਸੰਭਾਵਨਾਵਾਂ ਅਤੇ ਲੋਕ ਸਾਹਿਤ ਨੂੰ ਲੈ ਕੇ ਪੰਜਾਬੀ ਵਿਚ ਕਈ ਪੁਸਤਕਾਂ ਵੀ ਲਿਖੀਆਂ ਗਈਆਂ। ਇਨ੍ਹਾਂ ਵਿਚੋਂ ਕੁੱਝ ਜਨ ਲੋਕ ਪਰਾਣ, ਮਨੋਵਿਗਿਆਨ, ਜਾਤ ਦਾ ਸੰਕਲਪ, ਲੋਕ ਸਾਹਿਤ ਦਾ ਸਾਹਿਤ ਸ਼ਾਸਤਰ ਆਦਿ। ਦਾ ਅਧਿਐਨ ਪ੍ਰਸਤੁਤ ਕੀਤਾ ਗਿਆ।

10. <u>ਉੱਤਰ ਆਧੁਨਿਕਤਾਵਾਦੀ ਪੰਜਾਬੀ ਆਲੋਚਨਾ</u> => ਪੰਜਾਬੀ ਵਿਚ ਉੱਤਰ ਆਧੁਨਿਕਤਾਵਾਦੀ ਆਲੋਚਨਾ ਪੱਛਮ ਦੀ ਦੇਣ ਹੈ। ਇੱਕੀ ਸਦੂਕ ਨੇ ਇਸ ਪਾਸੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਸਦਾ ਨਾਂ ਦੀ ਪਤ੍ਰਿਕਾ ਨੇ ਉੱਤਰ ਆਧੁਨਿਕਤਾ ਵਿਸ਼ੇਸ਼ ਅੰਕ ਕੱਢਿਆ। ਡਾ. ਗੁਰਭਗਤ ਸਿੰਘ ਦੀਆਂ ਪੁਸਤਕਾਂ ਵਿਚ ਉੱਤਰ ਆਧੁਨਿਕਤਾ ਬਾਰੇ ਲਿਖੀਆਂ ਮਹੱਤਵਪੂਰਨ ਪੁਸਤਕਾਂ ਵਿਚੋਂ ਇਕ ਹੈ। ਡਾ. ਨੂਰ ਸਿੰਘ ਨੇ ਸਾਨੂੰ ਉੱਤਰ ਆਧੁਨਿਕਤਾ ਚਿੰਤਨ ਅਤੇ ਸਾਹਿਤ ਨਾਂ ਦੀ ਮਹੱਤਵਪੂਰਨ ਪੁਸਤਕ ਦਿੱਤੀ। ਉਸ ਦੀਆਂ ਪੁਸਤਕਾਂ ਪਛਾਣਾਂ, ਲਿਖਤਾਂ ਅਤੇ ਸੰਵਾਦ ਸਿਰਜਣ ਵਿਚ ਹੀ ਇਸ ਆਲੋਚਨਾ ਪ੍ਰਣਾਲੀ ਨੂੰ ਅਪਣਾਇਆ ਗਿਆ।

(11) <u>ਹੋਰ ਉੱਦਮ</u> => ਇਸ ਤੋਂ ਬਿਨਾਂ ਆਧੁਨਿਕ ਸੰਵੇਦਨਾ ਤੇ ਸਾਹਿਤ, ਮਨੁੱਖੀ ਅਸਮਾਨਤਾ ਤੇ ਸਾਹਿਤ ਅਧਿਕਾਰ ਪ੍ਰਬੰਧ ਤੇ ਕਵਿਤਾ, ਕਾਵਿ ਤਥਾ ਸਾਹਿਤ ਰੂਪਾਂ ਦਾ ਸੱਤਿਆਚਾਰਿਕ ਤੇ ਲੋਕ ਧਾਰਾਈ ਅਧਿਐਨ, ਪੰਜਾਬੀ ਸ਼ਬਦ ਤੇ ਪੰਜਾਬੀ ਸਾਹਿਤ, ਸਾਹਿਤਿਕ ਰੂਪਾਂ ਦਾ ਸੰਗੀਤ ਅਧਿਐਨ, ਨਵ-ਰੁਮਾਂਸਵਾਦ ਤੇ ਕਵਿਤਾ, ਕਾਵਿ ਸ਼ਾਸਤਰੀ ਅਧਿਐਨ ਸੰਬੰਧੀ ਆਲੋਚਨਾਤਮਕ ਤੇ ਖੋਜ ਕਾਰਜ ਹੋਇਆ ਹੈ। ਇਸ ਤਰ੍ਹਾਂ ਸਮਕਾਲੀ ਪੰਜਾਬੀ ਆਲੋਚਨਾ ਦਿਨੋਂ-ਦਿਨ ਵੱਧਦੀ ਗਈ।

<u>ਸਿੱਟਾ</u> => ਵਿਚਾਰ ਵਟਾਂਦਰੇ ਪਿਛੋਂ ਅਸੀਂ ਆਖ ਸਕਦੇ ਹਾਂ ਕਿ ਸਮਕਾਲੀ ਪੰਜਾਬੀ ਆਲੋਚਨਾ ਨਿਰੰਤਰ ਅੱਗੇ ਵੱਧਦੀ ਰਹੀ ਹੈ। ਇਸ ਵਿਚ ਭਾਰਤੀ ਅਤੇ ਪੱਛਮੀ ਆਲੋਚਨਾ ਪ੍ਰਬੰਧੀਆਂ ਨੂੰ ਆਧਾਰ ਬਣਾ ਕੇ ਆਲੋਚਨਾਤਮਕ ਤੇ ਖੋਜ ਕਾਰਜ ਹੋਇਆ ਹੈ। ਇਸ ਤੋਂ ਬਿਨਾਂ ਇਸ ਵਿਚ ਵੰਨ-ਸੁਵੰਨਤਾ ਵੀ ਵੇਖਣ ਨੂੰ ਮਿਲਦੀ ਹੈ।